Panel two ਪੈਨਲ ਦੋ

ਮਿਲ ਕੇ ਰੰਗ ਉਗਾਉਣਾ: ਬਰਕਬੀ ਅਤੇ ਫਾਰਟਾਉਨ ਗਾਰਡਨ ਵਿਚ ਸਾਡੇ ਨਾਲ ਸ਼ਾਮਲ ਹੋਵੋ

ਬਰਕਬੀ ਅਤੇ ਫਾਰਟਾਉਨ ਵਿਚ ਵੋਵਨ ਇਨ ਕਰਕਲੀਜ਼ ਗਰੋਇੰਗ ਕਲਰ ਟੁਗੈਦਰ ਪ੍ਰੋਜੈਕਟ ਵਲੋਂ ਇਕ ਕਮਿਉਨਿਟੀ ਰੰਗਾਈ ਬਗੀਚੀ ਪੇਸ਼ ਕੀਤੀ ਜਾਂਦੀ ਹੈ ਜਿਸਨੂੰ ਐੱਸ ਟੂ ਆਰ ਵਲੰਟੀਅਰ ਗਾਰਡਨਿੰਗ ਗਰੁੱਪ ਵਲੋਂ ਚਲਾਇਆ ਜਾਂਦਾ ਹੈ। ਸਾਡੇ ਸਿਰਜਨਾਤਮਕ ਯਤਨ ਦਿਖਾਲਣ ਵਾਸਤੇ ਪਿਛਲੇ ਕੁਝ ਮਹੀਨਿਆਂ ਤੋਂ ਅਸੀਂ ਸੂਤੀ ਅਤੇ ਲਿਨਨ ਕੱਪੜਿਆਂ ਦੀ ਨੁਮਾਇਸ਼ ਲਗਾ ਰਹੇ ਹਾਂ ਜਿਨ੍ਹਾਂ ਦੀ ਅਸੀਂ ਹੁਣ ਕਮਿਉਨਿਟੀ ਡਾਈ ਗਾਰਡਨ ਵਿਚ ਪੈਦਾ ਹੋਣ ਵਾਲੇ ਰੰਗਦਾਰ ਪੌਦਿਆਂ ਅਤੇ ਫੁੱਲਾਂ ਨਾਲ ਰੰਗਾਈ ਕੀਤੀ ਹੈ।

ਇਸ ਯਾਤਰਾ ਵਿਚ ਸ਼ਾਮਲ ਹੋਵੋ

ਕੱਪੜਿਆਂ ਦੀ ਇਹ ਨੁਮਾਇਸ਼ ਬਰਕਬੀ ਐਂਡ ਫਾਰਟਾਉਨ ਲਾਇਬ੍ਰੇਰੀ ਵਿਚ ਵੋਵਨ ਇਨ ਕਰਕਲੀਜ਼ ਮੇਲੇ ਦੇ ਸਮੇਂ ਦੌਰਾਨ ਲਗਾਈ ਜਾਵੇਗੀ ਜਿਸਦੇ ਨਾਲ ਇਕ ਵਿਸ਼ੇਸ਼ ਅਤੇ ਵਿਸ਼ੇ ਸੰਬੰਧੀ ਜ਼ਾਇਨਾਂ ਭਾਵ ਪੱਤਰਾਂ ਦਾ ਸੰਗ੍ਰਹਿ ਹੋਵੇਗਾ ਜਿਨ੍ਹਾਂ ਦੀ ਚੋਣ ਮੇਲੇ ਵਾਸਤੇ ਬੜੇ ਧਿਆਨ ਨਾਲ ਇਸ ਉਦੇਸ਼ ਨਾਲ ਕੀਤੀ ਗਈ ਹੈ ਕਿ ਬਾਗਬਾਨੀ, ਉਗਾਉਣ, ਵੰਡਣ ਅਤੇ ਇਕ ਦੂਸਰੇ ਦਾ ਧਿਆਨ ਰੱਖਣ ਦੇ ਕਾਰਜ ਨੂੰ ਮਨਾਇਆ ਜਾਵੇ। ਜ਼ਾਇਨਾਂ ਦੀ ਇਹ ਲਾਇਬ੍ਰੇਰੀ ਕੇਵਲ ਰੈਫਰੈਂਸ ਹੈ, ਜਿਸਦਾ ਅਰਥ ਹੈ ਕਿ ਤੁਸੀਂ ਇਨ੍ਹਾਂ ਨੂੰ ਆਮ ਲਾਇਬ੍ਰੇਰੀ ਦੀਆਂ ਕਿਤਾਬਾਂ ਵਾਂਗ ਘਰ ਨਹੀਂ ਲਿਜਾ ਸਕਦੇ, ਲੇਕਿਨ ਮੇਲੇ ਦੇ ਸਮੇਂ ਦੌਰਾਨ ਤੁਸੀਂ ਇਨ੍ਹਾਂ ਨੂੰ ਇਥੇ ਪੜ੍ਹ ਕੇ ਆਨੰਦ ਲੈ ਸਕਦੇ ਹੋ।

ਖੋਜ ਜਾਰੀ ਰੱਖੋ

ਬਰਕਬੀ ਐਂਡ ਫਾਰਟਾਉਨ ਕਮਿਉਨਿਟੀ ਡਾਈ ਗਾਰਡਨ ਵਿਖੇ ਤੁਹਾਡਾ ਸੁਆਗਤ ਹੈ ਅਤੇ ਤੁਹਾਨੂੰ ਇਸ ਵਧ ਫੁਲ ਰਹੀ ਕਮਿਉਨਿਟੀ ਦਾ ਹਿੱਸਾ ਬਣਨ ਲਈ ਸੱਦਾ ਦਿੱਤਾ ਜਾਂਦਾ ਹੈ। ਸਾਨੂੰ ਉਮੀਦ ਹੈ ਕਿ ਇਹ ਨੁਮਾਇਸ਼ ਤੁਹਾਨੂੰ ਦਰਸਾਏਗੀ ਕਿ ਅਸੀਂ ਇਸ ਸਾਲ ਇਕ ਦੂਸਰੇ ਨਾਲ ਕੀ ਕੁਝ ਸਾਂਝਾ ਕੀਤਾ ਅਤੇ ਸਿੱਖਿਆ ਹੈ ਅਤੇ ਇਹ ਤੁਹਾਨੂੰ ਗਰੋਇੰਗ ਕਲਰ ਟੁਗੈਦਰ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਨਾ ਦੇਵੇਗੀ।

ਗਰੋਇੰਗ ਕਲਰ ਟੁਗੈਦਰ: ਪ੍ਰੋਜੈਕਟ:

ਪਿਛਲੇ ਕੁਝ ਮਹੀਨਿਆਂ ਤੋਂ, ਬਰਕਬੀ ਐਂਡ ਫਾਰਟਾਉਨ ਦੇ ਗਰੋਇੰਗ ਕਲਰ ਟੁਗੈਦਰ ਦੇ ਕਲਾਕਾਰ ਇਥੇ ਲਾਇਬ੍ਰੇਰੀ ਵਿਚ ਐੱਸ ਟੂ ਆਰ ਸਪੋਰਟ ਟੂ ਰਿਕਵਰੀ ਗਾਰਡਨਿੰਗ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਪਰੋਜੈਕਟ ਦੇ ਸ਼ੁਰੂ ਦੇ ਮਹੀਨਿਆਂ ਵਿਚ ਜ਼ਾਇਨ ਬਣਾਉਂਦੇ ਹੋਏ ਅਸੀਂ ਰੰਗ ਦੇ ਸੰਕਲਪਾਂ ਅਤੇ ਕਹਾਣੀ ਸੁਣਾਉਣ ਦੇ ਸਿਧਾਂਤਾਂ ਬਾਰੇ ਖੋਜ ਕੀਤੀ ਹੈ। ਸਾਡੇ ਕੇਂਦਰ ਬਿੰਦੂ ਬਾਗਬਾਨੀ ਕਰਨਾ, ਉਗਾਉਣਾ ਅਤੇ ਆਪਣੇ ਆਲ਼ੇ ਦੁਆਲ਼ੇ ਦੇ ਵਾਤਾਵਰਣ ਨੂੰ ਦੇਖਣਾ ਸੀ। ਅਸੀਂ ਬਦਲਦੇ ਮੌਸਮਾਂ ਦੇ ਨਾਲ ਨਾਲ ਹਾਇਕੂ ਦੀਆਂ ਕਿਸਮਾਂ ਦੀ ਰਚਨਾ ਲਿਖਣ ਦੇ ਤਜਰਬੇ ਵੀ ਕੀਤੇ ਸਨ।

ਅਸੀਂ ਮਿਲਕੇ ਆਪਣੇ ਵਿਚਾਰਾਂ ਅਤੇ ਟਿੱਪਣੀਆਂ ਨੂੰ ਕਮਿਉਨਿਟੀ ਜ਼ਾਇਨ ਦੀ ਸ਼ਕਲ ਵਿਚ ਇਕੱਠਾ ਕੀਤਾ ਹੈ ਜਿਸਨੂੰ ਅਸੀਂ ਅਪ੍ਰੈਲ ਦੇ ਸ਼ੁਰੂ ਵਿਚ ਬੀਜ ਬਦਲਣ ਦੌਰਾਨ ਸਾਂਝਾ ਕੀਤਾ ਸੀ। ਬਰਕਬੀ ਨਿਵਾਸੀਆਂ ਅਤੇ ਐੱਸ ਟੂ ਆਰ ਦੇ ਵਲੰਟੀਅਰਾਂ ਦੀ ਮਦਦ ਨਾਲ ਅਸੀਂ ਸੈਮਿਟਰੀ ਰੋਡ ਅਲੌਟਮੈਂਟਾਂ ਅਤੇ ਬਰਕਬੀ ਕਮਿਉਨਿਟੀ ਵਾਇਲਡਲਾਈਫ ਗਾਰਡਨ ਵਿਚ ਰੰਗਾਈ ਵਾਲੇ ਪੌਦੇ ਉਗਾਏ ਹਨ, ਅਤੇ ਆਪਣੇ ਇਲਾਕੇ ਵਿਚ ਦੋਸਤਾਂ, ਪਰਿਵਾਰਾਂ ਅਤੇ ਸੰਸਥਾਵਾਂ ਵਿਚ ਬੀਜ ਵੰਡੇ ਹਨ।

ਬਸੰਤ ਰੁੱਤ ਆਉਂਦੇ ਸਾਰ, ਅਸੀਂ ਮਿਲ ਕੇ ਕੁਦਰਤੀ ਰੰਗਾਈ ਬਾਰੇ ਖੋਜ ਕਰਨੀ ਅਤੇ ਕੁਦਰਤੀ ਰੰਗ ਬਾਰੇ ਸਿੱਖਣਾ ਸ਼ੁਰੂ ਕੀਤਾ ਸੀ; ਕਿ ਇਨ੍ਹਾਂ ਨੂੰ ਨਾ ਕੇਵਲ ਆਪਣੀ ਰੰਗਾਈ ਬਗੀਚੀ ਵਿਚੋਂ, ਲੇਕਿਨ ਆਸ ਪਾਸ ਕਿਤੇ ਵੀ ਉੱਗੇ ਹੋਏ ਪੌਦਿਆਂ ਅਤੇ ਫੁੱਲਾਂ ਵਿਚੋਂ ਕਿਵੇਂ ਪ੍ਰਾਪਤ ਕਰਨਾ ਹੈ। ਅਸੀਂ ਸੁੰਦਰ ਸੂਤੀ ਅਤੇ ਲਿਨਨ ਕੱਪੜਿਆਂ ਨੂੰ, ਸਜੀਵ ਰੰਗਾਂ ਨਾਲ ਕੁਦਰਤੀ ਰੰਗਾਈ ਦਾ ਕੰਮ ਡੋਬੂ ਰੰਗਾਈ ਦੀ ਤਕਨੀਕ ਨਾਲ ਕੀਤਾ ਹੈ ਅਤੇ ਬੰਡਲ ਰੰਗਾਈ ਤਕਨੀਕ ਨਾਲ ਦਿਲਕਸ਼ ਬੁਣਤਰ ਅਤੇ ਪਲਾਂਟ ਮਾਰਕਸ ਬਣਾਏ ਹਨ। ਸਾਡੇ ਵਲੋਂ ਮਿਲਕੇ ਤਿਆਰ ਕੀਤਾ ਪੀਸ ਇਥੇ ਗਰੋਇੰਗ ਕਲਰ ਟੁਗੈਦਰ ਦੇ ਸ਼ੋਅਕੇਸ ਵਿਚ ਸਜਾਇਆ ਗਿਆ ਹੈ।

ਅਸੀਂ ਕਮਿਉਨਿਟੀ ਨਾਲ ਕੰਮ ਕਰਦੇ ਰਹੇ ਹਾਂ

ਬਰਕਬੀ ਐਂਡ ਫਾਰਟਾਉਨ ਲਾਇਬ੍ਰੇਰੀ ਗਾਰਡਨਿੰਗ ਗਰੁੱਪ ਜਿਸਨੂੰ ਐੱਸ 2 ਆਰ ਸਪੋਰਟ ਟੂ ਰਿਕਵਰੀ ਵਲੋਂ ਚਲਾਇਆ ਜਾਂਦਾ ਹੈ

ਮੰਗਲਵਾਰ ਸਵੇਰ 11 ਤੋਂ ਦੁਪਹਿਰ 12.30 ਤੱਕ

ਇਹ ਇਕ ਜਾਨਦਾਰ ਸੋਸ਼ਲ ਗਰੁੱਪ ਹੈ, ਜਿਸ ਵਿਚ ਹਰ ਕੋਈ ਆ ਸਕਦਾ ਹੈ ਭਾਵੇਂ ਉਸਨੂੰ ਬਾਗਬਾਨੀ ਦਾ ਤਜਰਬਾ ਨਾ ਵੀ ਹੋਵੇ। ਲਾਇਬ੍ਰੇਰੀ ਦੀ ਬਗੀਚੀ ਵਿਚ ਗਮਲਿਆਂ ਵਿਚ ਫੁੱਲ, ਜੜੀਆਂ ਬੂਟੀਆਂ ਅਤੇ ਸਬਜੀਆਂ ਉਗਾਉਣ ਦੇ ਨਾਲ, ਸੈਸ਼ਨ ਦਾ ਧਿਆਨ ਸਿਹਤ ਅਤੇ ਸਿਰਜਨਾ ਹੈ।

ਐੱਸ 2 ਆਰ ਸੈਮਿਟਰੀ ਰੋਡ ਅਲੌਟਮੈਂਟ ਸੋਮਵਾਰ 12.30 ਤੋਂ 2.30 ਤੱਕ, ਬੁੱਧਵਾਰ 11 ਤੋਂ ਦੁਪਹਿਰ 2 ਵਜੇ ਤੱਕ

ਬਰਕਬੀ ਵਿਖੇ ਫਲ ਅਤੇ ਸਬਜੀਆਂ ਉਗਾਉਣਾ, ਅਤੇ ਹੁਣ ਰੰਗਾਈ ਵਾਲੇ ਪੌਦੇ ਵੀ! ਲੰਬੇ ਸਮੇਂ ਤੋਂ ਚੰਗੀ ਹਾਜਰੀ ਵਾਲਾ ਸੈਸ਼ਨ। ਵੱਡੇ ਅਲੌਟਮੈਂਟ ਪਲਾਟ ਅਤੇ ਪੋਲੀ ਟਨਲ ਦੀ ਨਿਗਰਾਨੀ ਲਈ ਮਿਲ ਕੇ ਕੰਮ ਕਰਨਾ।

ਬਰਕਬੀ ਕਮਿਉਨਿਟੀ ਵਾਇਲਡਲਾਈਫ ਗਾਰਡਨ

ਬਰਕਬੀ ਵਿਖੇ ਬਰਕਬੀ ਲੌਜ ਰੋਡ ਅਤੇ ਪੋਨੀਫੀਲਡ ਕਲੋਜ਼ ਵਿਚਕਾਰ ਸਥਿਤ, ਬਰਕਬੀ ਕਮਿਉਨਿਟੀ ਵਾਇਲਡਲਾਈਫ ਗਾਰਡਨ ਜ਼ਮੀਨ ਦਾ ਉਹ ਹਿੱਸਾ ਹੈ ਜਿਸਦੀ ਦੇਖਭਾਲ, ਹਰ ਇਕ ਦੇ ਆਨੰਦ ਮਾਨਣ ਵਾਸਤੇ, ਸਥਾਨਕ ਲੋਕਾਂ ਦੇ ਕੋਰ ਗਰੁੱਪ ਵਲੋਂ ਕੀਤੀ ਜਾਂਦੀ ਹੈ। ਇਸਦਾ ਉਦੇਸ਼ ਜੰਗਲੀ ਜੀਵਾਂ ਅਤੇ ਲੋਕਾਂ ਦੀ ਪਹੁੰਚ ਨੂੰ ਉਤਸ਼ਾਹਿਤ ਕਰਨ ਵਾਸਤੇ, ਪਰਿਆਵਰਣਕ ਵੰਨ ਸੁਵੰਨਤਾ ਵਾਲਾ ਵਾਤਾਵਰਣ ਪੈਦਾ ਕਰਨਾ ਹੈ।

ਔਸਬੋਰਨ ਰੋਡ ਅਲੌਟਮੈਂਟ ਵਿਖੇ ਕਰੀਏਟਿਵ ਕਨੈਕਸ਼ਨਜ਼ ਵੀਮਿਨਜ਼ ਹੈਲਥ ਗਰੁੱਪ

ਵੀਰਵਾਰ 11.30 ਤੋਂ ਦੁਪਹਿਰ 1 ਵਜੇ ਤੱਕ।

ਨਵੇਂ ਹੁਨਰ ਸਿੱਖੋ, ਨਵੇਂ ਲੋਕਾਂ ਨੂੰ ਮਿਲੋ, ਆਪਣੀ ਸਿਹਤ ਬਣਾਓ, ਉਗਾਓ, ਵਾਢੀ ਕਰੋ ਅਤੇ ਘਰ ਉਗਾਈਆਂ ਔਰਗੈਨਿਕ ਵਸਤਾਂ ਦਾ ਸਵਾਦ ਦੇਖੋ। ਪਕਾਓ, ਸਿਰਜੋ, ਆਰਾਮ ਕਰੋ, ਅਤੇ ਗੱਪ ਸ਼ੱਪ ਲਗਾਓ!

ਗਰੋਇੰਗ ਕਲਰ ਟੁਗੈਦਰ : ਕਲਾਕਾਰ

ਚੈਰੀ ਸਟਾਈਲਜ਼

ਚੈਰੀ ਦੇ ਕੰਮ ਵਿਚ ਸਥਾਨਕ ਸਥਾਨਾਂ ਵਿਚ ਆਰਟ ਪ੍ਰੋਜੈਕਟ ਅਤੇ ਵਿਦਿਅਕ ਗਤੀਵਿਧੀਆਂ ਹਨ। ਛੋਟੇ ਪੱਧਰ ਦੀ ਪਰੈਸ-ਪ੍ਰਕਾਸ਼ਕ, ਬਾਗਬਾਨ ਅਤੇ ਸਮਾਜਿਕ ਪ੍ਰਬੰਧਕ ਵਜੋਂ ਉਹ ਸਹਿ-ਉਤਪਾਦਨ ਦੀਆ ਸਾਂਝੀਆਂ ਖੁਸ਼ੀਆਂ ਅਤੇ ਚੁਣੌਤੀਆਂ ਵਿਚ ਦਿਲਚਸਪੀ ਰੱਖਦੀ ਹੈ।

ਬਰਕਬੀ ਦੀ ਨਿਵਾਸੀ ਵਜੋਂ, ਚੈਰੀ ਦੀ ਸਥਾਨਕ ਉਗਾਊ ਸਥਾਨਾਂ ਦੇ ਸਮਾਜਿਕ ਅਸਰ ਵਿਚ ਰੁਚੀ ਨੇ ਇਸ ਪ੍ਰੋਜੈਕਟ ਦੇ ਵਿਕਾਸ ਦੇ ਹਰ ਪੱਧਰ ’ਤੇ ਸਾਡੇ ਕੰਮ ਨੂੰ ਤਾਕਤ ਦਿੱਤੀ ਹੈ; ਸਾਨੂੰ ਸਾਰਿਆਂ ਨੂੰ, ਇੱਥੇ ਬਰਕਬੀ ਵਿਖੇ, ਇਕੱਠੇ, ਸਾਂਝੇ ਭਵਿੱਖ ਲਈ ਕੰਮ ਕਰਨ ਵਾਸਤੇ ਉਤਸ਼ਾਹਿਤ ਕੀਤਾ ਹੈ।

ਈਮੇਲ: cherrystyles@hotmail.co.uk

ਸੋਸ਼ਲ: @outdoorcalendar

ਮਕੇਲਾ ਲਸਾਓਵਾ

ਮਕੇਲਾ ਲੀਡਜ਼ ਵਿਖੇ ਕਲਾਕਾਰ ਅਤੇ ਸਿਰਜਕ ਅਧਿਆਪਕ ਹੈ ਜੋ ਤੰਦਰੁਸਤੀ, ਰਚਨਾਤਮਕਤਾ ਅਤੇ ਨਿਊਰੋਡਾਇਵਰਸਿਟੀ ਨਾਲ ਸੰਬੰਧਿਤ ਕੰਮ ਕਰਦੀ ਹੈ। ਉਹ ਵਾਤਾਵਰਣਕ ਢਾਂਚਿਆਂ ਵਿਚ ਗਹਿਰਾਈ ਨਾਲ ਕੰਮ ਕਰਦੀ ਹੈ ਜਿਸ ਵਿਚੋਂ ਉਸਦੀ ਸਮੁੱਚੀ ਕਲਾ ਝਲਕਦੀ ਹੈ। ਉਸਦੀਆਂ ਵਿਧੀਆਂ ਅਤੇ ਕਲਾਤਮਕ ਕੰਮ ਸਾਡੇ ਸਥਾਨਕ ਵਾਤਾਵਰਣਾਂ ਨਾਲ ਸਾਡੇ ਰਿਸ਼ਤੇ, ਅਤੇ ਸ਼ਹਿਰੀ ਜੀਵਨ ਨਾਲ ਸਾਡੀ ਤੰਦਰੁਸਤੀ ਅਤੇ ਸਿਰਜਣਾਤਮਕਤਾ ’ਤੇ ਪਏ ਅਸਰਾਂ ਦੀ ਗਹਿਰਾਈ ਨਾਲ ਪੜਚੋਲ ਕਰਦੇ ਹਨ। ਉਹ ਆਪਣੇ ਸ਼ੌਕ ਅਤੇ ਰੁਚੀਆਂ ਦੀ ਪੂਰਤੀ ਸਥਾਨਕ ਪਹੁੰਚ ਵਾਲੇ ਕੁਦਰਤੀ ਸਰੋਤਾਂ ਰਾਹੀਂ ਕਰਦੀ ਹੈ ਜਿਨ੍ਹਾਂ ਨਾਲ ਉਹ ਕੱਪੜੇ ਦੀ ਕੁਦਰਤੀ ਰੰਗਾਈ ਕਰਦੀ ਹੋਈ ਸ਼ਾਮਲ ਹੁੰਦੀ ਹੈ। ਮਕੇਲਾ ਤੰਦਰੁਸਤੀ, ਨਿਊਰੋਡਾਇਵਰਸਿਟੀ ਅਤੇ ਸੰਵੇਦੀ ਪ੍ਰਕ੍ਰਿਆਵਾਂ ਦੇ ਵਿਸ਼ੇ ਨਜਿੱਠਦੀ ਹੋਈ ਇਕ ਮਾਹਿਰ ਕੋਚ ਵਜੋਂ ਵੀ ਕੰਮ ਕਰਦੀ ਹੈ।

ਵੈੱਬਸਾਈਟ: www.living-well.space

ਈਮੇਲ: livingwellbyme@gmail.com

ਸੋਸ਼ਲ: @___livingwell